# ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਭਾਈਚਾਰਕ ਜਾਣਕਾਰੀ

## ਸਾਰ

ਵਿਕਟੋਰੀਆ ਦਾ ਸਵੈ ਇੱਛਤ ਸਹਾਇਤਾ ਨਾਲ ਮਰਨ ਦਾ ਕਾਨੂੰਨ, ਇਕ ਅਜਹਿੀ ਬੀਮਾਰੀ ਜਸਿਤੋ ਵਅਿਕਤੀ ਦੇ ਬੱਚਣ ਦੀ ਸੰਭਾਵਨਾ ਬਹੁਤ ਘੱਟ ਹੋਵੇ, ਦੇ ਆਖਰੀ ਪੜਾਵਾਂਅ ਤੇ ਪੁੱਜੇ ਇੱਕ ਵਿਅਕਤੀ ਨੂੰ, ਕਿਸੇ ਡਾਕਟਰਵਲੋਂ ਤਜਵੀਜ਼ ਕੀਤੀਆਂ ਦਵਾਈਆਂ ਲੈਣ ਦੀ ਇਜਾਜ਼ਤ ਦਿੰਦਾ ਹੈ, ਜੋ ਕਿ ਉਨ੍ਹਾਂ ਵਲੋਂ ਚੁਣੇ ਸਮੇਂ ਤੇ ਉਨ੍ਹਾਂ ਦੀ ਮੌਤ ਦਵੇਗੀ।

ਕਾਨੂੰਨ ਦੇ ਅਧੀਨ, ਸਿਰਫ ਉਹੀ ਲੋਕ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਪਾਤਰ ਹੋਣਗੇ, ਜਿਹੜੇ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਗੇ:

- ਉਨ੍ਹਾਂ ਦੀ ਬੀਮਾਰੀ ਇਸ ਹੱਦ ਤੱਕ ਅੱਗੇ ਵਧ ਚੁੱਕੀ ਹੈ ਕਿ, ਛੇ ਮਹੀਨਿਆਂ (ਜਾਂ ਮੋਟਰ ਨਿਊਰੋਨਡਿਸ਼ੀਜ਼ ਵਰਗੀ ਨਿਊਰੋਡੀਜਨਰੇਟਿਵ ਬੀਮਾਰੀਆਂ ਲਈ 12 ਮਹੀਨਿਆਂ) ਵਿਚ ਮੌਤ ਹੋ ਸਕਦੀ ਹੈ ਅਤੇ ਇਹ ਵਿਅਕਤੀ ਨੂੰ ਨਾ ਸਵੀਕਾਰ ਕੀਤੇ ਜਾਣ ਯੋਗ ਪੀੜ ਦਾ ਕਾਰਣ ਹੈ।
- ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਫੈਸਲਾ ਲੈਣ ਅਤੇ ਆਪਣੇ ਡਾਕਟਰ ਨੂੰ ਅਜਿਹਾ ਦੱਸਣ ਯੋਗ ਹਨ।
- ਉਹ ਅਠਾਰਾਂ ਸਾਲ ਜਾਂ ਇਸਤੋਂ ਵੱਧ ਉਮਰ ਦੇ ਬਾਲਗ ਹਨ।
- ਉਹ ਵਿਕਟੋਰੀਆ ਵਿਚ ਘਟੋ ਘੱਟ 12 ਮਹੀਨਿਆਂ ਤੋਂ ਰਹਿ ਰਹੇ ਹਨ।
- ਉਹ ਆਸਟ੍ਰੇਲੀਆ ਦੇ ਨਾਗਰਿਕ ਹਨ ਜਾਂ ਸਥਾਈ ਨਿਵਾਸੀ ਹਨ।

ਕਾਨੂੰਨ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਦਵਾਈ ਦੀ ਮੰਗ ਕਰਨ ਅਤੇ ਉਸ ਤੱਕ ਪਹੁੰਚ ਲਈ ਪ੍ਰਕ੍ਰਿਆ ਨਿਰਧਾਰਤ ਕਰਦਾ ਹੈ। ਸਵੈ ਇੱਛਤ ਸਹਾਇਤਾ ਨਾਲ ਮਰਨ ਦੇ ਇੱਛੁਕ ਵਿਅਕਤੀ ਲਈ ਆਪਣੇ ਡਾਕਟਰ ਨੂੰ ਤਿੰਨ ਵੱਖੋ ਵੱਖਰੀਆਂ ਬੇਨਤੀਆਂ (ਇੱਕ ਲਿਖਤੀ ਬੇਨਤੀ ਸਹਿਤ) ਭੇਜਣੀਆਂ ਪੈਣਗੀਆਂ। ਦੋ ਡਾਕਟਰਾਂ ਦਾ ਇਸ ਗੱਲ ਤੇ ਸਹਿਮਤ ਹੋਣਾ ਵੀ ਜ਼ਰੂਰੀ ਹੈ ਕਿ ਵਿਅਕਤੀ ਸਵੈ ਇੱਛਤ ਸਹਾਇਤਾ ਨਾਲ ਮਰਨ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਕਾਨੂੰਨ ਵਿਚ ਅਜਿਹਾ ਯਕੀਨੀ ਬਣਾਉਣ ਲਈ ਕਈ ਸੁਰੱਖਿਆ ਉਪਾਅ ਹਨ ਕਿ ਇਹ ਵਿਅਕਤੀ ਦਾ ਆਪਣਾ ਫੈਸਲਾ ਹੈ ਅਤੇ ਕੋਈ ਵੀ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਬੇਨਤੀ ਕਰਨ ਲਈ ਦਬਾਅ ਹੇਠ ਨਹੀਂ ਹੈ।

## ਜਾਣ ਪਛਾਣ

ਜ਼ਿੰਦਗੀ ਦੇ ਅੰਤ ਦੇ ਮੁੱਦੇ ਕਈ ਲੋਕਾਂ ਲਈ ਕਸ਼ਟ ਦਾਇਕ ਅਤੇ ਔਖੇ ਹੋ ਸਕਦੇ ਹਨ। ਭਾਈਚਾਰੇ ਵਿਚ ਮੌਤ ਅਤੇ ਮਰਨ ਬਾਰੇ ਅਤੇ ਜੀਵਨ ਦੇ ਅੰਤ ਕਾਲ ਵਿਚ ਲੋਕਾਂ ਦੇ ਅਨੁਭਵ ਨੂੰ ਕਿਵੇਂ ਬੇਹਤਰ ਬਣਾਇਆ ਜਾਵੇ,ਇਸ ਬਾਰੇ ਵੀ ਕਈ ਤਰ੍ਹਾਂ ਦੇ ਵਿਚਾਰ ਹਨ। ਇਨ੍ਹਾਂ ਕਾਰਣਾ ਲਈ, ਇੱਕ ਸੰਸਦੀ ਸਮਿਤੀ ਨੇ ਤਣਾਅਪੂਰਨ ਦੇਖਭਾਲ, ਅਗਾਉਂ ਦੇਖਭਾਲ ਯੋਜਨਾ ਅਤੇ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਮੁੱਦਿਆਂ ਨੂੰ ਵਿਚਾਰਿਆ। ਭਾਈਚਾਰੇ ਦੇ ਲੋਕਾਂ, ਅਤੇ ਨਾਲ ਨਾਲ ਡਾਰਟਰੀ ਸੰਸਥਾਵਾਂ, ਉਪਭੋਗਤਾ ਅਤੇ ਦੇਖਭਾਲ ਸਮੂਹਾਂ, ਵਿਕਲਾਂਗਤਾਵਾਦੀ ਸਮੂਹਾਂ, ਕਾਨੂੰਨੀ ਸੰਗਠਨਾਂ, ਮਾਨਸਿਕ ਸਿਹਤ ਪ੍ਰਦਾਨ ਕਰਤਾਵਾਂ ਅਤੇ ਸਿਹਤ ਪ੍ਰਸ਼ਾਸਕਾਂ ਨਾਲ ਕਾਫੀ ਸਲਾਹ ਮਸ਼ਵਰਾ ਕੀਤਾ ਗਿਆ। ਕਮੇਟੀ ਨੇ ਸਿਫਾਰਸ਼ ਕੀਤੀ ਕਿ ਸਵੈ ਇੱਛਤ ਸਹਾਇਤਾ ਨਾਲ ਮਰਨ ਨੂੰ ਕਾਨੂੰਨ ਬਣਾ ਦੇਣਾ ਚਾਹੀਦਾ ਹੈ। ਇਸ ਤੋਂ ਬਾਦ ਮਾਹਰਾਂ ਦੇ ਇਕ ਪੈਨਲ ਨੇ ਸੰਸਦ ਵਿਚ ਬਿਲ ਲਿਆਉਣ ਤੋਂ ਪਹਿਲਾਂ ਇਸ ਬਾਰੇ ਸਲਾਹ ਮਸ਼ਵਰਾ ਕੀਤਾ ਕਿ ਕਾਨੂੰਨ ਕਿਵੇਂ ਦਾ ਹੋਣਾ ਚਾਹੀਦਾ ਹੈ। ਇਸ ਸਮੇਂ ਬਹੁਤੇ ਲੋਕਾਂ ਨੇ ਕਿਹਾ ਕਿ ਉਹ ਆਪਣੇ ਜੀਵਨ ਦੇ ਅੰਤ ਵਿਚ ਅਸਲੀ ਵਿਕਲਪ ਚਾਹੁੰਦੇ ਹਨ। ਉਹ ਆਪਣੇ ਲਈ ਲੋੜੀਂਦੇ ਇਲਾਜ ਅਤੇ ਦੇਖਭਾਲ ਦੇ ਬਾਰੇ ਫੈਸਲੇ ਲੈਣੇ ਚਾਹੁੰਦੇ ਸਨ। ਉਹ ਇਹ ਵੀ ਚੁਣਨਾ ਚਾਹੁੰਦੇ ਸਨ ਕਿ ਉਹ ਕਿੱਥੇ ਮਰਨਾ ਚਾਹੁੰਦੇ ਹਨ। ਕੁਝ ਲੋਕ ਆਪਣੀ ਮੌਤ ਦੇ ਸਮੇਂ ਅਤੇ ਤਰੀਕੇ ਦੇ ਬਾਰੇ ਵੀ ਫੈਸਲਾ ਕਰਨਾ ਚਾਹੁੰਦੇ ਸਨ।

2017 ਵਿਚ, ਵਿਕਟੋਰੀਆ ਵਿਚ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਇਜਾਜ਼ਤ ਦੇਣ ਲਈ ਕਾਨੂੰਨ ਪਾਸ ਕੀਤਾ ਗਿਆ ਸੀ। 19 ਜੂਨ 2019 ਤੋਂ ਇਸ ਕਾਨੂੰਨ ਦੀ ਸ਼ੁਰੂਆਤ ਹੋਵੇਗੀ। ਸਵੈ ਇੱਛਤ ਸਹਾਇਤਾ ਨਾਲ ਮਰਨ ਦਾ ਅਰਥ ਹੈ ਇੱਕ ਅਜਹਿੀ ਬੀਮਾਰੀ ਜਸਿਤੋ ਵਅਿਕਤੀ ਦੇ ਬੱਚਣ ਦੀ ਸੰਭਾਵਨਾ ਬਹੁਤ ਘੱਟ ਹੋਵੇ,ਦੇ ਆਖਰੀ ਪੜਾਵਾਂ ਤੇ ਪੁੱਜਿਆ ਵਿਅਕਤੀ, ਕਿਸੇ ਡਾਕਟਰ ਵਲੋਂ ਤਜਵੀਜ਼ ਕੀਤੀਆਂ ਅਜਿਹੀਆਂ ਦਵਾਈਆਂ ਲੈ ਸਕਦਾ ਹੈ, ਜਿਹੜੀਆਂ ਕਿ ਉਨ੍ਹਾਂ ਦੇ ਚੁਣੇ ਹੋਏ ਸਮੇਂ ਤੇ ਉਨ੍ਹਾਂ ਦੀ ਮੌਤ ਦੇਣਗੀਆਂ। ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਦਵਾਈਆਂ ਤੱਕ ਕੇਵਲ ਉਨ੍ਹਾਂ ਵਿਅਕਤੀਆਂ ਦੀ ਪਹੁੰਚ ਹੋਵੇਗੀ ਜਿਹੜੇ ਕਾਨੂੰਨ ਅਨੁਸਾਰ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਪ੍ਰਕਿਰਿਆਵਾਂ ਦਾ ਪਾਲਣ ਕਰਦੇ ਹਨ।

ਇਹ ਜ਼ਰੂਰੀ ਹੈ ਕਿ ਕਿਸੇ ਵਿਅਕਤੀ ਵਲੋਂ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਇੱਛਾ ਦਾ ਫੈਸਲਾ:

- **ਸਵੈ ਇੱਛਤ ਹੋ**ਵੇ (ਵਿਅਕਤੀ ਦਾ ਆਪਣਾ ਫੈਸਲਾ)
- **ਲਗਾਤਾਰ** ਕੀਤਾ ਜਾਣ ਵਾਲਾ ਹੋਵੇ (ਪ੍ਰਕਿਰਿਆ ਦੇ ਦੌਰਾਨ ਵਿਅਕਤੀ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਤਿੰਨ ਵੱਖੋ ਵੱਖਰੀਆਂ ਬੇਨਤੀਆਂ ਕਰਦਾ ਹੈ)
- **ਪੂਰਣ ਤੌਰ ਤੇ ਜਾਣਕਾਰੀ ਪ੍ਰਾਪਤ** ਹੋਵੇ (ਵਿਅਕਤੀ ਆਪਣੀ ਬੀਮਾਰੀ, ਉਸ ਦੇ ਇਲਾਜ ਅਤੇ ਉਪਰਾਮਕਾਰੀ ਸੰਭਾਲ ਵਿਕਲਪਾਂ ਪ੍ਰਤੀ ਚੰਗੀ ਤਰ੍ਹਾਂ ਜਾਣੂ ਹੈ)

ਬਹੁਤੇ ਲੋਕ ਇਹ ਵੇਖਣਗੇ ਕਿ ਉਪਰਾਮਕਾਰੀ ਸੰਭਾਲ ਅਤੇ ਜੀਵਨ ਦੇ ਅੰਤ ਦੀਆਂ ਸੇਵਾਵਾਂ, ਉਨ੍ਹਾਂ ਨੂੰ ਉਹ ਸਹਿਯੋਗ ਦੇਣਗੀਆਂ ਜੋ ਕਿ ਉਹ ਆਪਣੇ ਜੀਵਨ ਦੇ ਅੰਤ ਵੇਲੇ ਚਾਹੁੰਦੇ ਹਨ। ਉਪਰਾਮਕਾਰੀ ਸੰਭਾਲ ਅਤੇ ਜੀਵਨ ਦੇ ਅੰਤ ਦੀਆਂ ਸੇਵਾਵਾਂ, ਅਜਹਿੀ ਬੀਮਾਰੀ ਨਾਲ ਗ੍ਰਸਤ ਜਸਿਤੋ ਵਅਿਕਤੀ ਦੇ ਬੱਚਣ ਦੀ ਸੰਭਾਵਨਾ ਬਹੁਤ ਘੱਟ ਹੋਵੇ , ਵਾਲੇ ਵਿਅਕਤੀਆਂ ਦੇ ਜੀਵਨ ਦੀ ਗੁਣਵੱਤਾ ਵਿਚ ਸੁਧਾਰ ਲਿਆਉਣ ਵਿਚ ਸਹਾਇਤਾ ਕਰਦੀਆਂ ਹਨ। ਉਹ ਉਨ੍ਹਾਂ ਦੇ ਸੰਭਾਲ ਕਰਤਾਵਾਂ ਅਤੇ ਪਰਿਵਾਰ ਨੂੰ ਵਿ ਸਹਿਯੋਗ ਪ੍ਰਦਾਨ ਕਰਦੀਆਂ ਹਨ।

ਕੁਝ ਲੋਕ, ਸਭ ਤੋਂ ਵਧੀਆ ਦੇਖਭਾਲ ਦੇ ਬਾਵਜੂਦ ਵੀ, ਆਪਣੇ ਜੀਵਨ ਦੇ ਅੰਤ ਦੇ ਨੇੜੇ ਅਜਿਹੇ ਕਸ਼ਟਾਂ ਦਾ ਅਨੁਭਵ ਕਰਦੇ ਹਨ ਜੋ ਕਿ ਉਨ੍ਹਾਂ ਲਈ ਅਸਵੀਕਾਰਨ ਯੋਗ ਹਨ ਅਤੇ ਉਹ ਮਰਨ ਲਈ ਸਹਾਇਤਾ ਮੰਗ ਸਕਦੇ ਹਨ। ਜੇਕਰ ਇਹ ਲੋਕ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਕਾਨੂੰਨ ਵਲੋਂ ਤੈਅ ਕੀਤੀਆਂ ਪ੍ਰਕਿਰਿਆਵਾਂ ਦਾ ਪਾਲਣ ਕਰਦੇ ਹਨ ਤਾਂ ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਦਵਾਈਆਂ ਤੱਕ ਪਹੁੰਚ ਕਰ ਸਕਦੇ ਹਨ।

# ਅਕਸਰ ਪੁੱਛੇ ਜਾਂਦੇ ਸਵਾਲ

## ਸਵੈ ਇੱਛਤ ਸਹਾਇਤਾ ਨਾਲ ਮਰਨਾ ਕੀ ਹੈ?

ਵਿਕਟੋਰੀਆਂ ਦਾ ਸਵੈ ਇੱਛਤ ਸਹਾਇਤਾ ਨਾਲ ਮਰਨ ਦਾ ਕਾਨੂੰਨ ਇਕ ਅਜਹਿੀ ਬੀਮਾਰੀ ਜਸਿਤੋ ਵਅਿਕਤੀ ਦੇ ਬੱਚਣ ਦੀ ਸੰਭਾਵਨਾ ਬਹੁਤ ਘੱਟ ਹੋਵੇ,ਦੇ ਆਖਰੀ ਪੜਾਵਾਂ ਤੇ ਪੁੱਜੇ ਇਕ ਵਿਅਕਤੀ ਨੂੰ ਕਿਸੇ ਡਾਕਟਰ ਵਲੋਂ ਤਜਵੀਜ਼ ਕੀਤੀਆਂ ਦਵਾਈਆਂ ਲੈਣ ਦੀ ਇਜਾਜ਼ਤ ਦਿੰਦਾ ਹੈ, ਜੋ ਕਿ ਉਨ੍ਹਾਂ ਵਲੋਂ ਚੁਣੇ ਸਮੇਂ ਤੇ ਉਨ੍ਹਾਂ ਦੀ ਮੌਤ ਦੇਣਗੀਆਂ। ਕੇਵਲ ਉਹੀ ਲੋਕ ਸਵੈ ਇੱਛਤ ਸਹਾਇਤਾ ਨਾਲ ਮਰਨ ਦੀਆਂ ਦਵਾਈਆਂ ਤੱਕ ਪਹੁੰਚ ਕਰ ਸਕਦੇ ਹਨ ਜੋ ਸਾਰਿਆਂ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਕਾਨੂੰਨ ਵਲੋਂ ਤੈਅ ਪ੍ਰਕਿਰਿਆ ਤੇ ਅਮਲ ਕਰਦੇ ਹਨ। ਕਿਸੇ ਵਿਅਕਤੀ ਵਲੋਂ ਲਿਆ ਗਿਆ ਇਹ ਜ਼ਰੂਰੀ ਹੈ ਕਿ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਮੰਗ ਕਰਨ ਦਾ ਫੈਸਲਾ:

- **ਸਵੈ ਇੱਛਤ ਹੋ**ਵੇ (ਵਿਅਕਤੀ ਦਾ ਆਪਣਾ ਫੈਸਲਾ)
- **ਲਗਾਤਾਰ** ਕੀਤਾ ਜਾਣ ਵਾਲਾ ਹੋਵੇ (ਪ੍ਰਕਿਰਿਆ ਦੇ ਦੌਰਾਨ ਵਿਅਕਤੀ ਸਵੈ ਇੱਛਤ ਸਹਾਇਤਾ ਨਾਲ ਮਰਨ ਦੀਆਂ ਤਿੰਨ ਵੱਖੋ ਵੱਖਰੀਆਂ ਬੇਨਤੀਆਂ ਕਰਦਾ ਹੈ)
- **ਪੂਰੀ ਤਰ੍ਹਾਂ ਜਾਣਕਾਰੀ ਪ੍ਰਾਪਤ** ਹੋਵੇ (ਵਿਅਕਤੀ ਆਪਣੀ ਬੀਮਾਰੀ, ਅਤੇ ਉਸਦੇ ਇਲਾਜ ਅਤੇ ਉਪਰਾਮਕਾਰੀ ਸੰਭਾਲ ਵਿਕਲਪਾਂ ਦੀ ਪੂਰੀ ਜਾਣਕਾਰੀ ਰੱਖਦਾ ਹੈ)।

## ਕੀ ਸਵੈ ਇੱਛਤ ਸਹਾਇਤਾ ਨਾਲ ਮਰਨਾ, ਇੱਛਾ ਮੌਤ (ਯੁਥੇਨੇਸੀਆ) ਦੇ ਸਮਾਨ ਹੀ ਹੈ?

ਲੋਕ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਵੱਖੋ ਵੱਖਰੇ ਸ਼ਬਦਾਂ ਵਿਚ ਗੱਲ ਕਰਦੇ ਹਨ ਅਤੇ ਇਨ੍ਹਾਂ ਸ਼ਬਦਾਂ ਕਰਕੇ ਤੁਸੀਂ ਇਸ ਪ੍ਰਕਿਰਿਆ ਬਾਰੇ ਵੱਖੋ ਵੱਖਰੇ ਤਰੀਕਿਆਂ ਨਾਲ ਸੋਚਦੇ ਹੋ। ਹੋਰ ਦੇਸ਼ ਆਪਣੇ ਕਾਨੂੰਨਾਂ ਵਿਚ ਵੱਖੋ ਵੱਖਰੇ ਸ਼ਬਦ ਵਰਤਦੇ ਹਨ। ਵਿਕਟੋਰੀਆ "ਸਵੈ ਇੱਛਤ ਸਹਾਇਤਾ ਨਾਲ ਮਰਨਾ" ਸ਼ਬਦ ਵਰਤਦਾ ਹੈ ਕਿਉਂਕਿ ਨਵਾਂ ਕਾਨੂੰਨ, ਕੁਝ ਲੋਕਾਂ ਨੂੰ, ਉਨ੍ਹਾਂ ਦੇ ਜੀਵਨ ਦੇ ਅੰਤ ਦੇ ਨੇੜੇ, ਅਜਿਹਾ ਫੈਸਲਾ ਲੈਣ ਦੀ ਇਜਾਜ਼ਤ ਦਿੰਦਾ ਹੈ ਕਿ ਉਹ ਕਿਵੇਂ ਅਤੇ ਕਦੋਂ ਮਰਨਾ ਚਾਹੁੰਦੇ ਹਨ। ਵਿਅਕਤੀ, ਖੁਦ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਕਹੇ ਅਤੇ ਕਾਬੂ ਵਿਚ ਰਹੇ ਅਤੇ ਪੂਰੀ ਪ੍ਰਕਿਰਿਆ ਦੇ ਦੌਰਾਨ ਆਪਣਾ ਫੈਸਲਾ ਲੈਣ ਦੇ ਕਾਬਲ ਹੋਵੇ। ਇਹ ਵਿਕਟੋਰੀਆ ਕਾਨੂੰਨ ਦਾ ਇੱਕ ਪ੍ਰਮੁੱਖ ਸੁਰੱਖਿਆ ਉਪਾਅ ਹੈ। ਇੱਛਾ ਮੌਤ (ਯੁਥੇਨੇਸੀਆ) ਇੱਕ ਵਿਆਪਕ ਸ਼ਬਦ ਹੈ ਅਤੇ ਇਸਦੇ ਕਈ ਵੱਖੋ ਵੱਖਰੇ ਅਰਥ ਹੋ ਸਕਦੇ ਹਨ।

## ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਕੀ ਸ਼ਰਤਾਂ ਹਨ?

ਕਾਨੂੰਨ ਕਹਿੰਦਾ ਹੈ ਕਿ, ਲੋਕ ਜੇਕਰ ਹੇਠ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਕੇਵਲ ਤਾਂ ਹੀ ਸਵੈ ਇੱਛਤ ਸਹਾਇਤਾ ਨਾਲ ਮਰਨ ਦੀਆਂ ਦਵਾਈਆਂ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ:

1. ਉਹ ਇੱਕ ਅਜਹਿੀ ਬੀਮਾਰੀ ਤੋ ਗ੍ਰਸਤ ਹੋਣ ਜਸਿਤੋ ਵਅਿਕਤੀ ਦੇ ਬੱਚਣ ਦੀ ਸੰਭਾਵਨਾ ਬਹੁਤ ਘੱਟ ਹੋਵੇ ਅਤੇ ਜੋ ਕਿ ਉਨ੍ਹਾਂ ਦੀ ਮੌਤ ਦਾ ਕਾਰਣ ਬਣੇਗੀ ਅਤੇ ਜੋ ਕਿ:
    - ਛੇ ਮਹੀਨਿਆਂ (ਜਾਂ ਮੋਟਰ ਨਿਊਰਾਨ ਰਿਜ਼ੀਜ਼ ਵਰਗੀ ਨਿਊਰੋਡੀਜਨਰੇਟਿਵ ਬੀਮਾਰੀ ਲਈ 12 ਮਹੀਨਿਆਂ) ਦੇ ਅੰਦਰ ਅੰਦਰ ਉਨ੍ਹਾਂ ਦੀ ਮੌਤ ਦਾ ਕਾਰਣ ਬਣ ਸਕਦੀ ਹੈ।
    - ਵਿਅਕਤੀ ਨੂੰ ਸਵੀਕਾਰ ਨਾ ਕੀਤਾ ਜਾਣ ਯੋਗ ਪੀੜਾ ਦਾ ਕਾਰਣ ਹੈ।
2. ਰਸਮੀ ਬੇਨਤੀ ਦੀ ਪ੍ਰਕਿਰਿਆ. ਦੇ ਦੌਰਾਨ, ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਦਾ ਫੈਸਲਾ ਕਰਨ ਅਤੇ ਉਸ ਬਾਰੇ ਗੱਲਬਾਤ ਕਰਨ ਦੇ ਕਾਬਲ ਹੋਣੇ ਚਾਹੀਦੇ ਹਨ।

3. ਇਹ ਜ਼ਰੂਰੀ ਹੈ ਕਿ ਉਹ::

- 18 ਸਾਲ ਜਾਂ ਇਸਤੋ ਵੱਧ ਦੀ ਉਮਰ ਦੇ ਬਾਲਗ ਹੋਣ
- ਘੱਟੋ ਘੱਟ 12 ਮਹੀਨਿਆਂ ਤੋਂ ਵਿਕਟੋਰੀਆ ਵਿਚ ਰਹਿੰਦੇ ਹੋਣ
- ਆਸਟ੍ਰੇਲੀਆ ਦੇ ਨਾਗਰਿਕ ਜਾਂ ਸਥਾਈ ਨਿਵਾਸੀ ਹੋਣ।

## ਕੀ ਵਿਕਲਾਂਗ ਜਾਂ ਮਾਨਸਿਕ ਤੌਰ ਤੇ ਬੀਮਾਰ ਵਿਅਕਤੀ ਸਵੈ ਇਛਤ ਸਹਾਇਤਾ ਨਾਲ ਮਰਨ ਲਈ ਮੰਗ ਕਰ ਸਕਦੇ ਹਨ?

ਸ਼ਰਤਾਂ ਪੂਰੀਆਂ ਕਰਨ ਵਾਲੇ ਵਿਕਲਾਂਗ ਜਾਂ ਮਾਨਸਿਕ ਬੀਮਾਰੀ ਵਾਲੇ ਵਿਅਕਤੀਆਂ ਨੂੰ ਵੀ ਭਾਈਚਾਰੇ ਦੇ ਹੋਰ ਲੋਕਾਂ ਵਾਂਗ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਮੰਗ ਕਰਨ ਦਾ ਅਧਿਕਾਰ ਪ੍ਰਾਪਤ ਹੈ। ਹਾਲਾਂਕਿ, ਸਿਰਫ ਵਿਕਲਾਂਗਤਾ ਜਾਂ ਮਾਨਸਿਕ ਬੀਮਾਰੀ ਦਾ ਕਾਰਣ ਹੀ ਕਿਸੇ ਵਿਅਕਤੀ ਦੀ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਦਵਾਈ ਤੱਕ ਪਹੁੰਚ ਲਈ ਕਾਫੀ ਨਹੀਂ ਹੈ। ਵਿਕਲਾਂਗਤਾ ਜਾਂ ਮਾਨਸਿਕ ਬੀਮਾਰੀ ਵਾਲੇ ਲੋਕਾਂ ਨੂੰ, ਹੋਰਾਂ ਲੋਕਾਂ ਵਾਂਗ ਹੀ, ਇਕ ਬਹੁਤ ਵਧੀ ਹੋਈ ਬੀਮਾਰੀ ਹੋਵੇ, ਜੋ ਕਿ ਛੇ ਮਹੀਨਿਆਂ (ਜਾਂ ਨਿਊਰੋ-ਡੀ ਜਨਰੇਟਿਵ ਬੀਮਾਰੀ ਲਈ ਬਾਰਾਂ ਮਹੀਨਿਆਂ) ਦੇ ਅੰਦਰ ਅੰਦਰ, ਉਨ੍ਹਾਂ ਦੀ ਮੌਤ ਦਾ ਕਾਰਣ ਬਣ ਸਕਦੀ ਹੋਵੇ ਅਤੇ ਪ੍ਰਕਿਰਿਆ ਦੇ ਦੌਰਾਨ, ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਦਾ ਫੈਸਲਾ ਲੈਣ ਅਤੇ ਉਸ ਬਾਰੇ ਗੱਲਬਾਤ ਕਰਨ ਦੇ ਯੋਗ ਹੋਵੇ।

ਜੋ ਵਿਅਕਤੀ ਵਿਕਲਾਂਗ ਹਨ ਜਾਂ ਗੱਲਬਾਤ ਕਰਨ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ, ਉਹ ਦੁਭਾਸੀਆ ਜਾਂ ਕੋਈ ਹੋਰ ਸਹਾਇਤਾ ਦੀ ਵਰਤੋਂ ਕਰ ਸਕਦੇ ਹਨ। "ਜੇਕਰ ਕਿਸੇ ਨੂੰ ਗੱਲਬਾਤ ਲਈ ਦੁਭਾਸ਼ੀਏ ਜਾਂ ਕਿਸੇ ਹੋਰ ਸਹਾਇਤਾ ਦੀ ਲੋੜ ਹੋਵੇ" ਵੀ ਦੇਖੋ।

## ਕੀ ਡਿਮੈਸ਼ੀਆ (dementia) ਵਾਲਾ ਵਿਅਕਤੀ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਦਵਾਈਆਂ ਤੱਕ ਪਹੁੰਚ ਕਰ ਸਕਦਾ ਹੈ?

ਕੇਵਲ ਡਿਮੈਂਸ਼ੀਆ ਹੋਣਾ ਹੀ, ਕਿਸੇ ਵਿਅਕਤੀ ਲਈ ਦਵਾਈਆਂ ਤੱਕ ਪਹੁੰਚ ਲਈ ਕਾਫੀ ਨਹੀਂ ਹੁੰਦਾ (ਵਿਕਲਾਂਗਤਾ ਜਾਂ ਮਾਨਸਿਕ ਬੀਮਾਰੀ ਵਾਂਗ ਹੀ), ਪਰ ਡਿਮੈਂਸ਼ੀਆ ਵਾਲਾ ਕੋਈ ਵਿਅਕਤੀ ਪਾਤਰ ਹੋ ਸਕਦਾ ਹੈ ਜੇਕਰ ਉਹ ਸਾਰੀ ਪ੍ਰਕਿਰਿਆ ਦੇ ਦੌਰਾਨ, ਫੈਸਲਾ ਲੈਣ ਦੀ ਯੋਗਤਾ ਸਹਿਤ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਜਦੋਂ ਡਿਮੈਂਸ਼ੀਆ, ਕਿਸੇ ਵਿਅਕਤੀ ਦੀ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਫੈਸਲਾ ਲੈਣ ਦੀ ਯੋਗਤਾ ਨੂੰ ਪ੍ਰਭਾਵਿਤ ਕਰਦਾ ਹੋਵੇ ਤਾਂ ਉਹ ਮਰਨ ਲਈ ਸਹਾਇਤਾ ਪ੍ਰਾਪਤ ਕਰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ।

## ਕੀ ਕੋਈ ਵਿਅਕਤੀ ਅਗਾਂਹਵਧੂ ਦੇਖਭਾਲ ਨਿਰਦੇਸ਼ ਵਿੱਚ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਬੇਨਤੀ ਕਰ ਸਕਦਾ ਹੈ?

ਇਕ ਅਗਾਊਂ ਦੇਖਭਾਲ ਨਿਰਦੇਸ਼, ਲੋਕਾਂ ਲਈ ਡਾਕਟਰੀ ਇਲਾਜ ਬਾਰੇ ਫੈਸਲਾ ਲੈਣ ਲਈ ਮਾਰਗ ਦਰਸ਼ਨ ਕਰਦਾ ਹੈ ਜਦੋਂ ਉਹ ਆਪਣੇ ਡਾਕਟਰੀ ਫੈਸਲੇ ਲੈਣ ਦੀ ਕਾਬਲੀਅਤ ਗੁਆ ਬੈਠਦੇ ਹਨ। ਕੋਈ ਵਿਅਕਤੀ ਅਗਾਊਂ ਸੰਭਾਲ ਨਿਰਦੇਸ਼ ਵਿਚ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਬੇਨਤੀ ਨਹੀਂ ਕਰ ਸਕਦਾ ਇਹ ਫੈਸਲਾ ਕੀਤਾ ਗਿਆ ਸੀ ਕਿ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਬੇਨਤੀ ਕਰਨ ਵਾਲੇ ਲੋਕਾਂ ਲਈ, ਪੂਰੀ ਪ੍ਰਕਿਰਿਆ ਦੇ ਦੌਰਾਨ ਫੈਸਲਾ ਲੈਣ ਦੀ ਕਾਬਲੀਅਤ ਦੀ ਜ਼ਰੂਰਤ ਹੋਵੇਗੀ ਤਾਂ ਜੋ ਉਨ੍ਹਾਂ ਦਾ ਫੈਸਲਾ ਸਵੈ ਇੱਛਤ ਅਤੇ ਲਗਾਤਾਰ ਰਹੇ।

## ਕੋਈ ਵਿਅਕਤੀ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਬੇਨਤੀ ਕਿਵੇਂ ਕਰਦਾ ਹੈ?

ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਸੋਚਣ ਵਾਲੇ ਵਿਅਕਤੀ ਲਈ ਪਹਿਲਾ ਕਦਮ ਹੈ - ਕਿਸੇ ਸਿਹਤ ਚਿਕਿਤਸਕ (ਜਿਵੇਂ ਇਕ ਆਮ ਚਿਕਿਤਸਕ (ਜੀ ਪੀ), ਮਾਹਰ ਡਾਕਟਰ ਜਾਂ ਨਰਸ ਤੋਂ ਇਸ ਬਾਰੇ ਜਾਣਕਾਰੀ ਹਾਸਲ ਕਰਨਾ। ਇਕ ਸਿਹਤ ਚਿਕਿਤਸਕ ਕੇਵਲ ਉਦੋਂ ਹੀ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਗੱਲ ਕਰ ਸਕਦਾ ਹੈ ਜਦੋਂ ਪਹਿਲਾਂ ਵਿਅਕਤੀ ਇਸ ਬਾਰੇ ਪੁੱਛਦਾ ਹੈ।

ਰਸਮੀ ਤੌਰ ਤੇ ਪ੍ਰਕਿਰਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਇਕ ਵਿਅਕਤੀ ਆਪਣੇ ਡਾਕਟਰ ਨੂੰ ਮਰਨ ਲਈ ਸਹਾਇਤਾ ਪ੍ਰਾਪਤ ਕਰਨ ਲਈ 'ਪਹਿਲੀ ਬੇਨਤੀ' ਕਰਦਾ ਹੈ।

ਉਸ ਤੋਂ ਬਾਦ, ਵਿਅਕਤੀ ਬਾਰੇ ਸੁਤੰਤਰ ਤੌਰ ਤੇ ਇਹ ਮੁਲਾਂਕਣ ਕਰਨ ਤੋਂ ਬਾਦ, ਕਿ ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਦੋ ਡਾਕਟਰਾਂ ਦੀ ਸਹਿਮਤੀ ਜ਼ਰੂਰੀ ਹੈ। ਇਸ ਤੋਂ ਬਾਅਦ ਵਿਅਕਤੀ ਨੂੰ ਦਵਾਈਆਂ ਤੱਕ ਪਹੁੰਚ ਹਾਸਲ ਕਰ ਸਕਣ ਤੋਂ ਪਹਿਲਾਂ, ਇੱਕ ਲਿਖਤੀ ਬੇਨਤੀ ਤੇ ਹਸਤਾਖਰ ਕਰਨੇ ਹੋਣਗੇ ਅਤੇ ਇਕ ਜ਼ੁਬਾਨੀ ਬੇਨਤੀ ਕਰਨੀ ਪਵੇਗੀ।

ਇਹ ਯਕੀਨੀ ਬਣਾਉਣ ਲਈ ਕਿ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਦਵਾਈਆਂ ਤੱਕ ਪਹੁੰਚ ਦਾ ਫੈਸਲਾ ਕਾਹਲੀ ਵਿਚ ਨਹੀਂ ਲਿਆ ਗਿਆ, ਪ੍ਰਕਿਰਿਆ 10 ਦਿਨਾਂ ਤੋਂ ਘੱਟ ਸਮੇਂ ਵਿਚ ਪੂਰੀ ਨਹੀਂ ਕੀਤੀ ਜਾ ਸਕਦੀ, ਜੇਕਰ ਇਸ ਸਮੇਂ ਦੇ ਅੰਦਰ ਅੰਦਰ ਵਿਅਕਤੀ ਦੇ ਮਰਨ ਦਾ ਅੰਦੇਸ਼ਾ ਨਹੀਂ ਹੈ।

## ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਦਵਾਈਆਂ ਤੱਕ ਪਹੁੰਚ ਵਿੱਚ ਵਿਅਕਤੀ ਦੀ ਮਦਦ ਕੌਣ ਕਰ ਸਕਦਾ ਹੈ?

ਕੇਵਲ ਇਕ ਆਮ ਚਿਕਿਤਸਕ (ਜੀ ਪੀ) ਜਾਂ ਮਾਹਰ ਡਾਕਟਰ ਹੀ ਇਕ ਵਿਅਕਤੀ ਨੂੰ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਪ੍ਰਕਿਰਿਆ ਵਿਚ ਸਹਾਇਤਾ ਕਰ ਸਕਦਾ ਹੈ। ਹੋਰ ਸਿਹਤ ਚਿਕਿਤਸਕ ਜਿਵੇਂ ਨਰਸਾਂ ਅਤੇ ਨਿਵਾਸੀ ਬਿਰਧ ਸੰਭਾਲ ਅਮਲਾ, ਸਿਰਫ ਜਾਣਕਾਰੀ ਦੇ ਸਕਦਾ ਹੈ ਪਰ ਦਵਾਈਆਂ ਤੱਕ ਪਹੁੰਚ ਵਿਚ ਵਿਅਕਤੀ ਦੀ ਮਦਦ ਨਹੀਂ ਕਰ ਸਕਦੇ।

## ਇਕ ਵਿਅਕਤੀ ਸਵੈ ਇੱਛਤ ਸਹਾਇਤਾ ਨਾਲ ਮਰਨ ਵਾਲੀਆਂ ਦਵਾਈਆਂ ਕਿਵੇਂ ਲਵੇਗਾ?

ਬਹੁਤੇ ਲੋਕ, ਦਵਾਈਆਂ ਨੂੰ ਨਿਗਲ ਕੇ, ਆਪਣੇ ਆਪ ਹੀ ਲੈਣਗੇ। ਜੇਕਰ ਕੋਈ ਵਿਅਕਤੀ ਨਿਗਲ ਨਹੀਂ ਸਕਦਾ ਜਾਂ ਹੋਰ ਕਿਸੇ ਤਰਾਂ ਆਪਣੇ ਆਪ ਦਵਾਈ ਨਹੀਂ ਲੈ ਸਕਦਾ, ਤਾਂ ਉਹ ਡਾਕਟਰ ਨੂੰ ਦਵਾਈ ਦੇਣ ਲਈ ਕਹਿਣਗੇ।

## ਕੀ ਸਾਰੇ ਡਾਕਟਰਾਂ ਜਾਂ ਹੋਰ ਸਿਹਤ ਚਿਕਿਤਸਕਾਂ ਲਈ ਸਵੈ ਇੱਛਤ ਸਹਾਇਤਾ ਨਾਲ ਮਰਨ ਵਿਚ ਭਾਗ ਲੈਣਾ ਜ਼ਰੂਰੀ ਹੈ?

ਨਹੀਂ, ਕਾਨੂੰਨ ਅਜਿਹੇ ਡਾਕਟਰਾਂ ਅਤੇ ਹੋਰ ਸਿਹਤ ਚਿਕਿਤਸਕਾਂ, ਜਿਵੇਂ ਕਿ ਨਰਸਾਂ ਅਤੇ ਫਾਰਮਾਸਿਸਟਾਂ, ਦੀ ਸੁਰੱਖਿਆ ਕਰਦਾ ਹੈ ਜੋ ਇਸ ਸਵੈ ਇੱਛਤ ਸਹਾਇਤਾ ਨਾਲ ਮਰਨ ਵਿਚ ਭਾਗ ਨਹੀਂ ਲੈਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਜ਼ਮੀਰੀ ਤੌਰ ਤੇ ਇਸਤੇ ਇਤਰਾਜ ਹੈ। ਇਸ ਦਾ ਭਾਵ ਹੈ ਕਿ ਉਨ੍ਹਾਂ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ ਕਿ ਉਹ:

- ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਜਾਣਕਾਰੀ ਜਾਂ ਸਹਿਯੋਗ ਪ੍ਰਦਾਨ ਕਰਨ
- ਕਿਸੇ ਵਿਅਕਤੀ ਦਾ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਮੁਲਾਂਕਣ ਕਰਨ
- ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਸਪਲਾਈ ਕਰਨ ਜਾਂ ਦੇਣ।

## ਕੀ ਸਾਰੀਆਂ ਸਿਹਤ ਸੇਵਾਵਾਂ ਲਈ ਸਵੈ ਇੱਛਤ ਸਹਾਇਤਾ ਨਾਲ ਮਰਨ ਵਿਚ ਹਿੱਸਾ ਲੈਣਾ ਜ਼ਰੂਰੀ ਹੈ?

ਵਿਕਟੋਰੀਆ ਦੀਆਂ ਸਿਹਤ ਸੇਵਾਵਾਂ ਇਹ ਚੋਣ ਕਰ ਸਕਦੀਆਂ ਹਨ ਕਿ ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਵਿਚ ਹਿੱਸਾ ਲੈਣਗੀਆਂ ਕਿ ਨਹੀਂ। ਸਿਹਤ ਸੇਵਾਵਾਂ, ਜੇਕਰ ਨਾ ਚਾਹੁਣ ਤਾਂ ਉਨ੍ਹਾਂ ਨੂੰ ਹਿੱਸਾ ਨਹੀਂ ਲੈਣਾ ਪਵੇਗਾ। ਨਾਲੇ, ਕੁਝ ਸਿਹਤ ਸੇਵਾਵਾਂ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਵਿਵਸਥਾ ਨਹੀਂ ਕਰ ਸਕਦੀਆਂ, ਉਦਾਹਰਣ ਲਈ, ਜੇਕਰ ਉਹ ਪਹਿਲਾਂ ਹੀ ਲੋਕਾਂ ਨੂੰ ਜੀਵਨ ਦੇ ਅੰਤ ਦੀ ਸੰਭਾਲ ਪ੍ਰਦਾਨ ਨਹੀਂ ਕਰਦੀਆਂ। ਜੇਕਰ ਕੋਈ ਸਿਹਤ ਸੇਵਾ, ਇਸ ਵਿਚ ਭਾਗ ਨਹੀਂ ਵੀ ਲੈਂਦੀ ਤਾਂ ਵੀ ਲੋਕ ਇਸ ਦੇ ਡਾਕਟਰਾਂ ਜਾਂ ਸਿਹਤ ਚਿਕਿਤਸਕਾਂ ਨੂੰ ਇਹ ਪੁੱਛ ਸਕਦੇ ਹਨ ਕਿ ਉਹ ਸਵੈ ਇੱਛਤ ਮਰਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਿੱਥੇ ਜਾ ਸਕਦੇ ਹਨ।

## ਕੀ ਕਿਸੇ ਵਿਅਕਤੀ ਦਾ ਸੰਭਾਲ ਕਰਤਾ, ਪਰਿਵਾਰ, ਦੋਸਤ ਜਾਂ ਸਹਾਇਕ ਵਿਅਕਤੀ, ਉਸ ਲਈ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਮੰਗ ਕਰ ਸਕਦਾ ਹੈ?

ਨਹੀਂ, ਕੇਵਲ ਸਵੈ ਇੱਛਤ ਸਹਾਇਤਾ ਨਾਲ ਮਰਨ ਵਾਲਾ ਵਿਅਕਤੀ ਹੀ ਇਸ ਦੀ ਮੰਗ ਕਰਨ ਦਾ ਫੈਸਲਾ ਕਰ ਸਕਦਾ ਹੈ। ਇਹ ਇਸ ਲਈ ਜ਼ਰੂਰੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਅਕਤੀ ਦਾ ਇਹ ਫੈਸਲਾ ਸਵੈ ਇੱਛਤ ਹੈ। ਵਿਅਕਤੀ ਆਪਣੇ ਸੰਭਾਲ ਕਰਤਾ, ਪਰਿਵਾਰ, ਦੋਸਤ ਜਾਂ ਸਹਾਇਕ ਵਿਅਕਤੀ ਨੂੰ ਨਾਲ ਲੈ ਕੇ ਡਾਕਟਰ ਕੋਲ ਜਾ ਸਕਦਾ ਹੈ। ਡਾਕਟਰ ਕੋਲ ਜਾਣ ਤੇ, ਉਹ ਪਹਿਲਾਂ ਵਿਅਕਤੀ ਨਾਲ ਗੱਲ ਕਰਨਾ ਚਾਹੇਗਾ ਅਤੇ ਜੇਕਰ ਵਿਅਕਤੀ ਚਾਹੇ ਤਾਂ ਇਕੱਠਿਆਂ ਵੀ ਗੱਲ ਕਰ ਸਕਦਾ ਹੈ।

## ਜੇਕਰ ਕਿਸੇ ਵਿਅਕਤੀ ਕੋਲ, ਕੋਈ ਡਾਕਟਰੀ ਇਲਾਜ ਬਾਰੇ ਫੈਸਲਾ ਕਰਨ ਵਾਲਾ ਮੌਜੂਦ ਹੈ, ਤਾਂ ਕੀ ਉਹ ਫੈਸਲਾ ਕਰਨ ਵਾਲਾ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਪੁੱਛ ਸਕਦਾ ਹੈ?

ਨਹੀਂ, ਕੇਵਲ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਮੰਗ ਦਾ ਫੈਸਲਾ ਕਰਨ ਵਾਲਾ ਹੀ ਇਸ ਬਾਰੇ ਪੁੱਛ ਸਕਦਾ ਹੈ। ਇਕ ਡਾਕਟਰੀ ਇਲਾਜ ਬਾਰੇ ਫੈਸਲਾ ਕਰਨ ਵਾਲਾ ਵਿਅਕਤੀ, ਸਿਰਫ ਉਦੋਂ ਹੀ ਕਿਸੇ ਵਿਅਕਤੀ ਦੇ ਇਲਾਜ ਬਾਰੇ ਫੈਸਲੇ ਲੈ ਸਕਦਾ ਹੈ ਜਦੋਂ ਕੋਈ ਵਿਅਕਤੀ ਆਪਣੇ ਬਾਰੇ ਫੈਸਲਾ ਨਹੀਂ ਲੈ ਸਕਦਾ ਹੋਵੇ, ਉਦਾਹਰਣ ਦੇ ਤੌਰ ਤੇ, ਉਹ ਬੇਹੋਸ਼ ਹੋਵੇ। ਸਵੈ ਇੱਛਤ ਸਹਾਇਤਾ ਨਾਲ ਮਰਨ ਲਈ, ਬੇਨਤੀ ਕਰਨ ਵਾਲਾ ਵਿਅਕਤੀ, ਪੂਰੀ ਪ੍ਰਕਿਰਿਆ. ਦੌਰਾਨ ਆਪਣੇ ਫੈਸਲੇ ਲੈਣ ਦੀ ਯੋਗਤਾ ਰੱਖਦਾ ਹੋਵੇ।

## ਜੇਕਰ ਕਿਸੇ ਨੂੰ ਦੁਭਾਸ਼ੀਏ ਜਾਂ ਗੱਲਬਾਤ ਲਈ ਸਹਾਇਕ ਦੀ ਲੋੜ ਪਵੇ ਤਾਂ ਕੀ ਹੁੰਦਾ ਹੈ?

ਜਿਹੜੇ ਵਿਅਕਤੀ ਔਸਲੈਨ ਸਹਿਤ, ਅੰਗ੍ਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ, ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਬੇਨਤੀ ਕਰਨ ਲਈ ਉਚਿਤ ਯੋਗਤਾ ਪ੍ਰਾਪਤ ਦੁਭਾਸ਼ੀਏ ਦੀ ਸਹਾਇਤਾ ਲੈ ਸਕਦੇ ਹਨ। ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਦੇ ਡਾਕਟਰ ਵਲੋਂ ਮੁਲਾਂਕਣ ਦੇ ਦੌਰਾਨ ਵੀ ਦੁਭਾਸ਼ੀਏ ਦੀ ਵਰਤੋਂ ਕਰ ਸਕਦੇ ਹਨ। ਜਿੱਥੇ ਅੰਗ੍ਰੇਜ਼ੀ ਸਮਝਣ ਦੀ ਵਿਅਕਤੀ ਦੀ ਸਮਰੱਥਾ ਬਾਰੇ ਸ਼ੱਕ ਹੋਵੇ, ਉੱਥੇ ਉਚਿਤ ਕਾਬਲੀਅਤ ਵਾਲੇ ਦੁਭਾਸ਼ੀਏ ਦੀ ਵਰਤੋਂ ਕਰਨਾ ਜ਼ਰੂਰੀ ਹੋਵੇਗਾ। ਵਿਕਲਾਂਗ ਵਿਅਕਤੀ, ਜਿਨ੍ਹਾਂ ਨੂੰ ਗੱਲਬਾਤ ਕਰਨ ਵਿਚ ਔਖਿਆਈ ਹੁੰਦੀ ਹੈ, ਉਹ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਬੇਨਤੀ ਕਰਨ ਲਈ, ਗੱਲਬਾਤ ਕਰਨ ਲਈ ਤਰਜੀਹੀ ਮਾਧਿਅਮਾਂ (ਉਦਾਹਰਣ ਦੇ ਤੌਰ ਤੇ, ਸੰਚਾਰ ਸਹਾਇਤਾ, ਲਿਖ ਕੇ, ਸੰਕੇਤਾਂ ਰਾਹੀਂ) ਦੀ ਵਰਤੋਂ ਕਰ ਸਕਣਗੇ। ਜੇਕਰ ਲੋੜ ਪਵੇ, ਤਾਂ ਉਹ ਆਪਣੇ ਡਾਕਟਰਾਂ ਨਾਲ ਗੱਲਬਾਤ ਕਰਨ ਲਈ, ਪ੍ਰਕਿਰਿਆ ਦੇ ਦੌਰਾਨ ਸਪੀਚ ਪੈਥੋਲੋਜਿਸਟ ਦੀ ਮੰਗ ਕਰ ਸਕਦੇ ਹਨ।

ਜਦੋਂ ਕਿਸੇ ਦੁਭਾਸ਼ੀਏ ਜਾਂ ਸਪੀਚ ਪੈਥੌਲੋਜਿਸਟ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸੁਤੰਤਰ ਹੋਣੇ ਚਾਹੀਦੇ ਹਨ ਅਤੇ ਇਕ ਪੇਸ਼ੇਵਰ ਸੰਸਥਾ ਵਲੋਂ ਮਨਜ਼ੂਰਸ਼ੁਦਾ ਹੋਣੇ ਚਾਹੀਦੇ ਹਨ। ਪਰਿਵਾਰ ਦੇ ਮੈਂਬਰ ਦੁਭਾਸ਼ੀਏ ਨਹੀਂ ਹੋ ਸਕਦੇ।
ਜਿਹੜੇ ਲੋਕਾਂ ਨੂੰ ਲਿਖਣ ਵਿਚ ਮੁਸ਼ਕਿਲ ਆਉਂਦੀ ਹੈ ਉਹ ਆਪਣੀ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਲਿਖਤੀ ਘੋਸ਼ਣਾ ਤੇ ਹਸਤਾਖਰ ਕਰਨ ਲਈ ਕਿਸੇ ਹੋਰ ਨੂੰ ਕਹਿ ਸਕਦੇ ਹਨ। ਜਦੋਂ ਲਿਖਤੀ ਘੋਸ਼ਣਾ ਤੇ ਹਸਤਾਖਰ ਕੀਤੇ ਜਾ ਰਹੇ ਹੋਣ ਤਾਂ ਸਵੈ ਇੱਛਤ ਸਹਾਇਤਾ ਨਾਲ ਮਰਨਾ ਚਾਹੁਣ ਵਾਲੇ ਵਿਅਕਤੀ ਦਾ ਉਥੇ ਹਾਜ਼ਰ ਹੋਣਾ ਜ਼ਰੂਰੀ ਹੈ।

## ਕੀ ਕੋਈ ਡਾਕਟਰ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਸਲਾਹ ਦੇ ਸਕਦਾ ਹੈ?

ਨਹੀਂ, ਕਿਸੇ ਡਾਕਟਰ ਜਾਂ ਸਿਹਤ ਚਿਕਿਤਸਕ ਵਲੋਂ ਕਿਸੇ ਵਿਅਕਤੀ ਨੂੰ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਸਲਾਹ ਦੇਣਾ ਕਾਨੂੰਨ ਦੇ ਵਿਰੁੱਧ ਹੈ। ਕੋਈ ਡਾਕਟਰ ਤਦੋ ਤਕ, ਸਵੈ ਇੱਛਤ ਸਹਾਇਤਾ ਨਾਲ ਮਰਨ ਦੇ ਬਾਰੇ ਗੱਲ ਨਹੀਂ ਕਰ ਸਕਦਾ ਜਦੋਂ ਤੱਕ ਕਿ ਵਿਅਕਤੀ ਇਸ ਬਾਰੇ ਪਹਿਲਾਂ ਆਪ ਨਾਂ ਪੁੱਛੇ।
ਇੱਕ ਵਾਰ ਜਦੋਂ ਕਿਸੇ ਵਿਅਕਤੀ ਨੇ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਫੈਸਲਾ ਲੈ ਲਿਆ, ਉਹ ਕਾਨੂੰਨ ਵਿਚ ਨਿਰਧਾਰਤ ਪ੍ਰਕਿਰਿਆ ਦੇ ਰਾਹੀਂ ਆਪਣੇ ਡਾਕਟਰ ਨਾਲ ਰਲ ਕੇ ਕੰਮ ਕਰਨਗੇ। ਪ੍ਰਕਿਰਿਆ ਦੇ ਦੌਰਾਨ, ਡਾਕਟਰ ਨੂੰ ਇਹ ਇਜਾਜ਼ਤ ਨਹੀਂ ਹੈ ਕਿ ਉਹ ਵਿਅਕਤੀ ਨਾਲ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਬੇਨਤੀ ਕਰਨ ਬਾਰੇ ਗੱਲ ਕਰੇ। ਉਹਨਾਂ ਨੂੰ ਵਿਅਕਤੀ ਨੂੰ ਇਹ ਵੀ ਚੇਤੇ ਕਰਵਾਉਣਾ ਪਵੇਗਾ ਕਿ ਜੇਕਰ ਉਹ ਵਿਚ ਵਿਚਾਲੇ ਆਪਣਾ ਮਨ ਬਦਲ ਲੈਂਦੇ ਹਨ ਤਾਂ ਉਨ੍ਹਾਂ ਨੂੰ ਅੱਗੇ ਵਧਣ ਦੀ ਲੋੜ ਨਹੀਂ ਹੈ।

## ਕੀ ਕਿਸੇ ਨੂੰ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਪੁੱਛਣ ਬਾਰੇ ਮਜਬੂਰ ਕੀਤਾ ਜਾ ਸਕਦਾ ਹੈ?

ਇਹ ਯਕੀਨੀ ਬਣਾਉਣ ਲਈ, ਕਿ ਵਿਅਕਤੀ, ਸਵੈ ਇੱਛਤ ਸਹਾਇਤਾ ਨਾਲ ਮਰਨਾ ਚਾਹੁਣ, ਦਾ ਫੈਸਲਾ ਆਪਣੇ ਆਪ ਕਰ ਰਿਹਾ ਹੈ, ਕਾਫੀ ਮਜ਼ਬੂਤ ਸੁਰੱਖਿਆ ਉਪਾਅ ਮੌਜੂਦ ਹਨ।

ਕੇਵਲ ਸਵੈ ਇੱਛਤ ਸਹਾਇਤਾ ਨਾਲ ਮਰਨਾ ਚਾਹੁਣ ਦਾ ਫੈਸਲਾ ਕਰਨ ਵਾਲਾ ਵਿਅਕਤੀ ਹੀ ਇਸ ਬਾਰੇ ਮੰਗ ਕਰ ਸਕਦਾ ਹੈ। ਉਨ੍ਹਾਂ ਦਾ ਸੰਭਾਲ ਕਰਤਾ, ਪਰਿਵਾਰ, ਦੋਸਤ ਜਾਂ ਸਹਾਇਕ ਵਿਅਕਤੀ ਉਨ੍ਹਾਂ ਲਈ ਇਸ ਦੀ ਮੰਗ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਡਾਕਟਰ, ਕਿਸੇ ਵਿਅਕਤੀ ਨੂੰ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ ਬੇਨਤੀ ਕਰਨ ਦੀ ਸਲਾਹ ਨਹੀਂ ਦੇ ਸਕਦਾ। ਉਹ ਇਸ ਬਾਰੇ ਸਿਰਫ ਉਦੋਂ ਹੀ ਗੱਲ ਕਰ ਸਕਦਾ ਹੈ ਜਦੋਂ ਵਿਅਕਤੀ ਇਸ ਬਾਰੇ ਪਹਿਲਾਂ ਗੱਲ ਕਰੇ।

ਪ੍ਰਕਿਰਿਆ, ਦੇ ਹਿੱਸੇ ਦੇ ਤੌਰ ਤੇ, ਦੋ ਡਾਕਟਰ ਇਹ ਫੈਸਲਾ ਜ਼ਰੂਰੀ ਕਰਨ ਕਿ ਵਿਅਕਤੀ ਆਪਣੀ ਬੀਮਾਰੀ, ਇਲਾਜ ਅਤੇ ਉਪਰਾਮਕਾਰੀ ਸੰਭਾਲ ਵਿਕਲਪਾਂ ਬਾਰੇ ਚੰਗੀ ਤਰ੍ਹਾਂ ਜਾਣੂ ਹੈ ਅਤੇ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਆਪਣੇ ਆਪ ਫੈਸਲਾ ਕਰ ਸਕਦਾ ਹੈ। ਦੋਵੇਂ ਡਾਕਟਰਾਂ ਨੂੰ ਇਹ ਮੁਲਾਂਕਣ ਕਰਨਾ ਪਵੇਗਾ ਕਿ ਕੋਈ ਵੀ ਇਸ ਬਾਰੇ ਬੇਨਤੀ ਕਰਨ ਲਈ ਵਿਅਕਤੀ ਨੂੰ ਮਜਬੂਰ ਜਾਂ ਪ੍ਰਭਾਵਿਤ ਨਹੀਂ ਕਰ ਰਿਹਾ ਹੈ। ਇਨ੍ਹਾਂ ਦੋਵੇਂ ਡਾਕਟਰਾਂ ਨੇ ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਵਿਅਕਤੀ ਦਾ ਮੁਲਾਂਕਣ ਕਰਨ ਦੀ ਸਿਖਲਾਈ ਮੁਕੰਮਲ ਕੀਤੀ ਹੁੰਦੀ ਹੈ।

ਜੇਕਰ ਕੋਈ ਵਿਅਕਤੀ ਨੇ ਪ੍ਰਕਿਰਿਆ, ਸ਼ੁਰੂ ਕਰ ਦਦਿਾ ਹੈ, ਤਾਂ ਵੀ, ਜਦ ਤੱਕ ਉਹ ਦਵਾਈ ਨਹੀਂ ਲੈਂਦਾ, ਉਹ ਕਿਸੀ ਵੇਲੇ ਵੀ ਆਪਣਾ ਮਨ ਬਦਲ ਸਕਦੇ ਹਨ।

## ਕੀ ਕੋਈ ਅਜਿਹਾ ਖਤਰਾ ਹੈ ਕਿ ਕੋਈ ਇਸ ਲਈ ਸਵੈ-ਇੱਛਤ ਸਹਾਇਤਾ ਨਾਲ ਮਰਨ ਲਈ ਕਹੇ ਕਿਉਂਕਿ ਉਸ ਨੂੰ ਉਪਰਾਮਕਾਰੀ ਸੰਭਾਲ ਪ੍ਰਾਪਤ ਨਹੀਂ ਹੋ ਸਕਦੀ?

ਸਵੈ ਇੱਛਤ ਸਹਾਇਤਾ ਨਾਲ ਮਰਨਾ, ਉਪਰਾਮਕਾਰੀ ਸੰਭਾਲ ਸੇਵਾਵਾਂ ਦਾ ਬਦਲ ਨਹੀਂ ਹੈ। ਉਪਰਾਮਕਾਰੀ ਸੰਭਾਲ ਅਤੇ ਜੀਵਨ ਸੇਵਾਵਾਂ ਵਿਕਟੋਰੀਆ ਵਿਚ ਵਿਸਤ੍ਰਿਤ ਰੂਪ ਨਾਲ ਉਪਲਬਧ ਹਨ। ਵਧੇਰੇ ਲੋਕ, ਜਿਹੜੇ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਬੇਨਤੀ ਕਰਦੇ ਹਨ, ਉਪਰਾਮਕਾਰੀ ਸੰਭਾਲ ਅਤੇ ਜੀਵਨ ਦੀਆਂ ਅੰਤ ਸਮੇਂ ਦੀਆਂ ਸੇਵਾਵਾਂ ਨਾਲ ਸਮਰਥਿਤ ਹੋਣਗੇ ਅਤੇ ਜੇਕਰ ਉਹ ਪਹਿਲਾਂ ਹੀ ਅਜਿਹੀਆਂ ਸੇਵਾਵਾਂ ਦੀ ਵਰਤੋਂ ਨਹੀਂ ਕਰ ਰਹੇ ਤਾਂ ਉਨ੍ਹਾਂ ਨੂੰਇਸ ਸਹਾਇਤਾ ਨੂੰ ਹਾਸਲ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ।

## ਵਿਕਟੋਰੀਆ ਦੇ ਸਵੈ ਇੱਛਤ ਸਹਾਇਤਾ ਨਾਲ ਮਰਨ ਦੇ ਕਾਨੂੰਨ ਦੀ ਦੇਖਰੇਖ ਕੌਣ ਕਰੇਗਾ?

ਸਵੈ ਇੱਛਤ ਸਹਾਇਤਾ ਨਾਲ ਮਰਨ ਲਈ ਸਮੀਖਿਆ ਬੋਰਡ, ਵਿਕਟੋਰੀਆ ਵਿਚ ਸਵੈ ਇੱਛਤ ਸਹਾਇਤਾ ਨਾਲ ਮਰਨ ਦੀ, ਗਤੀਵਿਧੀ ਦੀ ਦੇਖਰੇਖ ਕਰੇਗਾ। ਬੋਰਡ ਇਹ ਯਕੀਨੀ ਬਣਾਏਗਾ ਕਿ ਕਾਨੂੰਨ ਅਤੇ ਸਬੰਧਤ ਪ੍ਰਕਿਰਿਆਵਾਂ, ਭਾਈਚਾਰੇ ਦੀ ਸੁਰੱਖਿਆ ਕਰਦੇ ਹੋਏ ਹਮਦਰਦੀ ਪੂਰਣ ਨਤੀਜੇ ਪ੍ਰਦਾਨ ਕਰਨਗੇ। ਹ ਵਿਕਟੋਰੀਆ ਵਿਚ ਸਵੈ ਇੱਛਤ ਸਹਾਇਤਾ ਨਾਲ ਮਰਨ ਦੇ ਹਰੇਕ ਕੇਸ ਦੀ ਸਮੀਖਿਆ ਕਰੇਗਾ ਅਤੇ ਕਾਨੂੰਨ ਵਿਚ ਬਦਲਾਵਾਂ ਜਾਂ ਸੁਧਾਰਾਂ ਲਈ ਮਸ਼ਵਰੇ ਦੇਵੇਗਾ। ਕੁਝ ਹੋਰ ਏਜੰਸੀਆਂ ਜਿਵੇਂ ਵਿਕਟੋਰੀਆ ਪੁਲਿਸ, ਕੋਰੋਨਹ ਅਤੇ ਆਸਟ੍ਰੇਲੀਆਨ ਹੈਲਥ ਪ੍ਰੈਕਟੀਸ਼ਨਰ ਰੈਗੂਲੇਸ਼ਨ ਏਜੰਸੀ, ਇਹ ਯਕੀਨੀ ਬਣਾਉਣਗੀਆਂ ਕਿ ਕਾਨੂੰਨਾਂ ਅਤੇ ਪੇਸ਼ੇਵਰ ਮਿਆਰਾਂ ਦੀ ਸਮੀਖਿਆ ਕੀਤੀ ਜਾਂਦੀ ਹੈ।

## ਕਾਨੂੰਨ 19 ਜੂਨ 2019 ਤੋਂ ਸੁਰੂ ਹੋਵੇਗਾ। ਕੀ ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਸੋਚਣ ਵਾਲੇ ਲੋਕਾਂ ਲਈ ਵਧੇਰੇ ਜਾਣਕਾਰੀ ਉਪਲਬਧ ਹੈ?

ਜੀ ਹਾਂ। ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਵਿਚਾਰ ਕਰਨ ਵਾਲੇ ਲੋਕਾਂ ਲੀ ਵਿਸਤਾਰ ਸਹਿਤ ਜਾਣਕਾਰੀ, ਉਪਲਬਧ ਪ੍ਰਕਿਰਿਆਵਾਂ ਅਤੇ ਸਹਿਯੋਗ ਸਹਿਤ, 'ਜੀਵਨ ਦੇ ਅੰਤ ਸਮੇਂ ਦੀ ਸੰਭਾਲ' ਅਧੀਨ, ਡਿਪਾਰਟਮੈਂਟ ਆਫ ਹੈਲਥ ਅਤੇ ਹਿਊਮਨ ਸਰਵਿਸਿਜ਼ ਵੈਬਸਾਈਟ ਤੇ ਮਿਲੇਗੀ। 'ਸਵੈ ਇੱਛਤ ਸਹਾਇਤਾ ਮਰਨਾ' ਦੇਖੋ – *ਸਵੈ ਇੱਛਤ ਸਹਾਇਤਾ ਨਾਲ ਮਰਨਾ - ਸਵੈ ਇੱਛਤ ਸਹਾਇਤਾ ਨਾਲ ਮਰਨ ਬਾਰੇ ਵਿਚਾਰ ਕਰਨ ਵਾਲੇ ਲੋਕਾਂ ਲਈ ਜਾਣਕਾਰੀ*।

<https://www2.health.vic.gov.au/hospitals-and-health-services/patient-care/end-of-life-care/voluntary-assisted-dying/community-and-consumers>.

## ਮੈਨੂੰ ਜੀਵਨ ਦੇ ਅੰਤ ਦੇ ਮੁੱਦੇ ਦੁਖੀ ਕਰਦੇ ਹਨ। ਮੈਂ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ?

ਕੁਝ ਲੋਕਾਂ ਨੂੰ ਉਨ੍ਹਾਂ ਦੀ ਮੌਤ ਅਤੇ ਜੀਵਨ ਦੇ ਅੰਤ ਦੀ ਸੰਭਾਲ ਦੇ ਬਾਰੇ ਸੋਚਣਾ ਕਾਫੀ ਪਰੇਸ਼ਾਨ ਕਰਦਾ ਹੈ। ਜੇਕਰ ਇਸ ਜਾਣਕਾਰੀ ਨੂੰ ਪੜ੍ਹ ਕੇ ਤੁਹਾਨੂੰ ਦੁਖ, ਪਰੇਸ਼ਾਨੀ ਜਾਂ ਨਿਜੀ ਸੰਕਟ ਦਾ ਮਸਲਾ ਖੜ੍ਹਾ ਹੋਇਆ ਹੈ ਤਾਂ ਤੁਸੀਂ ਕਿਸੇ ਜੀ ਪੀ ਜਾਂ ਹੋਰ ਸਿਹਤ ਚਿਕਿਤਸਕ ਨਾਲ ਇਸ ਬਾਰੇ ਚਰਚਾ ਕਰ ਸਕਦੇ ਹੋ।

ਹੇਠ ਲਿਖੀਆਂ ਸੇਵਾਵਾਂ ਵੀ ਸਹਾਇਤਾ ਪ੍ਰਦਾਨ ਕਰ ਸਕਦੀਆਂ ਹਨ:

- ਲਾਈਫਲਾਈਨ(Lifeline): <https://www.lifeline.org.au>((ਫ਼ੋਨ : 13 11 14) ਦਿਨ ਦੇ 24 ਘੰਟੇ ਅਤੇ ਹਫਤੇ ਦੇ 7 ਦਿਨ ਫੋਨ ਤੇ ਜਾਂ ਆਨਲਾਈਨ ਸਹਾਇਤਾ ਅਤੇ ਕਾਉਂਸਲਿੰਗ ਪ੍ਰਦਾਨ ਕਰਦੀ ਹੈ।
- ਆਸਟ੍ਰੇਲੀਅਨ ਸੈਂਟਰ ਫਾਰ ਗ੍ਰੀਫ ਐਂਡ ਬਿਰੀਵਮੈਂਟ(Australian Centre for Grief and Bereavement)<https://www.grief.org.au> (ਫ਼ੋਨ 1800 642 066) ਵਿਅਕਤੀਆਂ ਬੱਚਿਆਂ ਅਤੇ ਪਰਿਵਾਰਾਂ ਲੀ (ਕਾਉਂਸਲਿੰਗ ਅਤੇ ਸਹਾਇਤਾ ਸਮੂਹ ਸਹਿਤ) ਰਾਜਪੱਧਰੀ ਸਪੈਸ਼ਲਿਸਟ ਬਿਰੀਵਮੈਂਟ ਸਰਵਿਸ ਪ੍ਰਦਾਨ ਕਰਦੀ ਹੈ।

**ਛਾਪਣ ਦੀ ਮਿਤੀ: ਅਪ੍ਰੈਲ 2019**